ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ
ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ
ਐਸ.ਸੀ ਓ ਨੰ:- 104-106, ਦੂਸਰੀ ਮੰਜ਼ਿਲ, ਸੈਕਟਰ 34-ਏ, ਚੰਡੀਗੜ੍ਹ ਫ਼ੋਨ ਨੰ: 0172- 5015864, 5015865
ਫੈਕਸ:0172-2624687, ਈ-ਮੇਲ: ssa.punjab@yahoo.com

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) (ਵੈੱਬਸਾਈਟ ਰਾਹੀਂ)
ਪੰਜਾਬ।

ਮੀਮੋ ਨੰ: 50/ਸ.ਸ.ਅ/ਪੈਡਾਗੋਜ਼ੀ-ਟੀ.ਟੀ./77700
ਮਿਤੀ: ਚੰਡੀਗੜ੍ਹ 12.05.2012

ਵਿਸ਼ਾ:- ਸਾਲ 2012-13 ਦੌਰਾਨ, ਸਮੂਹ ਸਰਕਾਰੀ ਅਤੇ ਸਰਕਾਰੀ ਸਹਾਇਤਾ ਪ੍ਰਾਪਤ (ਏਡਿਡ) ਸਕੂਲਾਂ ਦੇ ਸਮੂਹ ਵਿਸ਼ਿਆਂ ਦੇ ਅੱਪਰ ਪ੍ਰਾਇਮਰੀ ਅਧਿਆਪਕਾਂ ਨੂੰ, ਜਿਲ੍ਹਿਆਂ ਦੀਆਂ ICT ਲੈਬਸ ਵਿਖੇ ਪੰਜ ਰੋਜ਼ਾ ਕੰਪਿਊਟਰ ਟ੍ਰੇਨਿੰਗ ਕਰਵਾਉਣ ਸਬੰਧੀ।

1.0 ਉਪਰੋਕਤ ਵਿਸ਼ੇ ਵੱਲ ਧਿਆਨ ਦਿੱਤਾ ਜਾਵੇ।

2.0 ਮੁੱਖ ਦਫ਼ਤਰ ਵਲੋਂ ਸਾਲ 2012-13 ਦੌਰਾਨ, ਸਮੂਹ ਸਰਕਾਰੀ ਅਤੇ ਸਰਕਾਰੀ ਸਹਾਇਤਾ ਪ੍ਰਾਪਤ (ਏਡਿਡ) ਸਕੂਲਾਂ ਦੇ ਸਮੂਹ ਵਿਸ਼ਿਆਂ ਦੇ ਅੱਪਰ ਪ੍ਰਾਇਮਰੀ ਅਧਿਆਪਕਾਂ ਨੂੰ, ਜਿਲ੍ਹਿਆਂ ਦੀਆਂ ICT ਲੈਬਸ ਵਿਖੇ ਪੰਜ ਰੋਜ਼ਾ ਕੰਪਿਊਟਰ ਟ੍ਰੇਨਿੰਗ ਕਰਵਾਈ ਜਾਣੀ ਹੈ। ਜਿਲ੍ਹਾ ਐਸ.ਏ.ਐਸ ਨਗਰ ਅਤੇ ਨੌਰਾ (ਐਸ.ਬੀ.ਐਸ. ਨਗਰ) ਵਿਖੇ ਇਹ ਟ੍ਰੇਨਿੰਗ, ਜਿਲ੍ਹੇ ਵਿੱਚ ਬਣੀਆਂ IT ਅਕੈਡਮੀਜ਼ ਵਿਖੇ ਕਰਵਾਈ ਜਾਣੀ ਹੈ।

3.0 ਇਹ ਟ੍ਰੇਨਿੰਗ ਮਿਤੀ: 16.04.2012 ਤੋਂ 28.02.2013 ਤੱਕ ਹੇਠ ਲਿਖੇ ਸ਼ਡਿਊਲ ਅਨੁਸਾਰ ਕਰਵਾਈ ਜਾਵੇਗੀ:

| ਲੜੀ ਨੰ. | ਟ੍ਰੇਨਿੰਗ ਦਾ ਸਮਾਂ | ਜ਼ਿਲ੍ਹੇ | ਵਿਸ਼ਾ |
|---|---|---|---|
| 1 | ਅਪ੍ਰੈਲ ਅਤੇ ਮਈ 2012 | ਸਮੂਹ ਜ਼ਿਲ੍ਹੇ | ਹਿੰਦੀ ਅਤੇ ਪੰਜਾਬੀ |
| 2 | ਜੁਲਾਈ ਅਤੇ ਅਗਸਤ 2012 | ਸਮੂਹ ਜ਼ਿਲ੍ਹੇ | ਅੰਗਰੇਜ਼ੀ ਅਤੇ ਸਮਾਜਿਕ ਸਿੱਖਿਆ |
| 3 | ਅਕਤੂਬਰ ਅਤੇ ਨਵੰਬਰ 2012 | ਸਮੂਹ ਜ਼ਿਲ੍ਹੇ | ਸਾਇੰਸ ਅਤੇ ਮੈਥ |
| 4 | ਜਨਵਰੀ ਅਤੇ ਫਰਵਰੀ 2013 | ਸਮੂਹ ਜ਼ਿਲ੍ਹੇ | ਸਰੀਰਕ ਸਿੱਖਿਆ (ਕੇਵਲ PTIs), ਆਰਟ ਐਂਡ ਕਰਾਫ਼ਟ ਅਤੇ ਹੋਰ |

ਧਿਆਨ ਰਹੇ ਕਿ ਸਾਲ 2011-12 ਦੌਰਾਨ ਵੀ ਮੁੱਖ ਦਫ਼ਤਰ ਵਲੋਂ, ਸਮੂਹ ਵਿਸ਼ਿਆਂ ਦੇ ਅਧਿਆਪਕਾਂ ਨੂੰ ਇਹ ਟ੍ਰੇਨਿੰਗ ਕਰਵਾਈ ਗਈ ਸੀ। ਇਸ ਲਈ ਜਿਹੜੇ ਅਧਿਆਪਕ ਕਿਸੇ ਕਾਰਣਾ ਕਰਕੇ, ਸੈਸ਼ਨ 2011-12 ਦੌਰਾਨ ਇਸ ਟ੍ਰੇਨਿੰਗ ਤੋਂ ਵਾਂਝੇ ਰਹਿ ਗਏ ਸਨ ਉਹਨਾਂ ਦੇ ਨਾਵਾਂ ਦੀਆਂ ਸੂਚੀਆਂ ਸਬੰਧਤ ਸਕੂਲ ਮੁੱਖੀਆਂ ਵੱਲੋਂ ਪ੍ਰਾਪਤ ਕਰਕੇ, ਸ਼ਡਿਊਲ ਅਨੁਸਾਰ, ਪਹਿਲ ਦੇ ਅਧਾਰ ਤੇ ਉਹਨਾਂ ਨੂੰ ਟ੍ਰੇਨਿੰਗ ਕਰਵਾਈ ਜਾਵੇ। ਉਸ ਉਪਰੰਤ ਸਾਲ 2011-12 ਦੌਰਾਨ ਵਿਭਾਗ/ਸ.ਸ.ਅ ਤਹਿਤ ਸਬੰਧਤ ਵਿਸ਼ਿਆਂ ਦੇ ਨਵੇ ਭਰਤੀ ਅਧਿਆਪਕਾਂ ਨੂੰ ਇਹ ਟ੍ਰੇਨਿੰਗ ਕਰਵਾਈ ਜਾਵੇ।

4.0 ਇਹ ਟ੍ਰੇਨਿੰਗ ਮੁੱਖ ਦਫ਼ਤਰ ਵੱਲੋਂ ਜਾਰੀ ਸਮਾਂ ਸਾਰਣੀ ਅਨੁਸਾਰ ਸਵੇਰੇ 9.00 ਵਜੇ ਤੋਂ ਸ਼ਾਮ 4.00 ਵਜੇ ਤੱਕ ਕਰਵਾਈ ਜਾਣੀ ਹੈ।

5.0 ਕੰਪਿਊਟਰ ਟ੍ਰੇਨਿੰਗ ਲੈਣ ਵਾਲੇ ਉਪਰੋਕਤ ਵਿਸ਼ਿਆਂ ਦੇ ਅੱਪਰ ਪ੍ਰਾਇਮਰੀ ਅਧਿਆਪਕਾਂ ਦਾ ਮਾਇਕਰੋਪਲਾਨ ਆਪ ਵਲੋਂ ਤਿਆਰ ਕਰਕੇ ਸਮੇਂ ਸਿਰ ਜਿਲ੍ਹੇ ਦੇ ਵੈੱਬਸਾਈਟ ਪਾਉਣਾ ਆਪ ਦੀ ਨਿੱਜੀ ਜਿੰਮੇਵਾਰੀ ਹੋਵੇਗੀ। ਮਾਈਕਰੋਪਲਾਨ ਦੀ ਇੱਕ ਕਾਪੀ ਸਬੰਧਤ ਪ੍ਰਿੰਸੀਪਲ GISTC/DIET ਨੂੰ ਵੀ ਮੁਹੱਈਆਂ ਕਰਵਾਈ ਜਾਵੇ।

6.0 ਇਹ ਮਾਇਕਰੋਪਲਾਨ ਆਪ ਦੇ ਜਿਲ੍ਹੇ ਦੀ ਡਾਇਟ ICT Lab ਵਿਖੇ ਕੰਪਿਊਟਰਜ਼ ਦੀ ਗਿਣਤੀ ਨੂੰ ਮੱਦੇਨਜ਼ਰ ਰੱਖਦੇ ਹੋਏ ਤਿਆਰ ਕੀਤਾ ਜਾਵੇ। ਲੈਬ ਵਿਖੇ ਕੰਪਿਊਟਰ ਦੀ ਗਿਣਤੀ ਸਬੰਧੀ ਪ੍ਰਿੰਸੀਪਲ ਡਾਇਟ ਤੋਂ ਜਾਣਕਾਰੀ ਲਈ ਜਾਵੇ। ਇਹ ਟ੍ਰੇਨਿੰਗ ਪ੍ਰਤੀ ਕੰਪਿਊਟਰ ਦੋ ਅਧਿਆਪਕਾਂ ਦੇ ਹਿਸਾਬ ਨਾਲ ਕਰਵਾਈ ਜਾਣੀ ਹੈ।

7.0 ਟ੍ਰੇਨਿੰਗ ਦਾ ਹਰ ਨਵਾਂ ਬੈਚ, ਹਰ ਹਫ਼ਤੇ ਦੇ ਪਹਿਲੇ ਕਾਰਜਕਾਰੀ ਦਿਨ ਨੂੰ ਸ਼ੁਰੂ ਕੀਤਾ ਜਾਵੇ।

8.0 ਹਫ਼ਤੇ ਵਿੱਚ ਇੱਕ ਛੁੱਟੀ ਹੋਣ ਦੀ ਸੂਰਤ ਵਿੱਚ ਇਹ ਟ੍ਰੇਨਿੰਗ ਸ਼ਨਿਵਾਰ ਤੱਕ ਚੱਲੇਗੀ।

9.0 ਹਫ਼ਤੇ ਦੌਰਾਨ ਦੋ ਛੁੱਟੀਆਂ ਹੋਣ ਦੀ ਸੂਰਤ ਵਿੱਚ ਇਹ ਟ੍ਰੇਨਿੰਗ ਉਸ ਬੈਚ ਨੂੰ ਕੇਵਲ ਚਾਰ ਦਿਨ ਹੀ ਕਰਵਾਈ ਜਾਵੇਗੀ।

10.0 ਟ੍ਰੇਨਿੰਗ ਲੈਣ ਵਾਲੇ ਅਧਿਆਪਕਾਂ ਨੂੰ ਬਣਦਾ ਟੀ.ਏ (ਇੱਕ ਵਾਰ ਆਉਣ ਅਤੇ ਇੱਕ ਵਾਰ ਜਾਣ ਦਾ ਸਧਾਰਨ ਬੱਸ ਕਿਰਾਇਆ)/ ਡੀ.ਏ ਸਬੰਧਤ GISTC/DIET ਵਲੋਂ ਨਿਯਮਾ ਅਨੁਸਾਰ ਅਦਾ ਕੀਤਾ ਜਾਵੇਗਾ। ਸਕੂਲ ਤੋਂ ਟ੍ਰੇਨਿੰਗ ਦੇ ਸਥਾਨ ਦੀ ਦੂਰੀ 25 ਕਿਲੋਮੀਟਰ ਤੋਂ ਘੱਟ ਹੋਣ ਦੀ ਸੂਰਤ ਵਿੱਚ ਟੀ.ਏ ਅਦਾ ਨਹੀਂ ਕੀਤਾ ਜਾਵੇਗਾ।

11.0 ਟ੍ਰੇਨਿੰਗ ਦੇਣ ਵਾਲੇ ਰਿਸੋਰਸ ਪਰਸਨਜ਼ ਨੂੰ ਸਬੰਧਤ GISTC/DIET ਵਲੋਂ ਕੋਈ ਮਾਨ ਭੱਤਾ ਨਹੀਂ ਦਿੱਤਾ ਜਾਵੇਗਾ ਕਿਉਂ ਜੋ ਇਹ ਟ੍ਰੇਨਿੰਗ ਕੰਪਿਊਟਰ ਫੈਕਲਟੀ ਅਤੇ ਮਾਈਕਰੋਸੋਫਟ ਫੈਕਲਟੀ ਵਲੋਂ ਹੀ ਕਰਵਾਈ ਜਾਣੀ ਹੈ।

12.0 ਟ੍ਰੇਨਿੰਗ ਦੀ ਮੋਨੀਟਰਿੰਗ Director SCERT, ਸਬੰਧਤ ਮੰਡਲ ਸਿੱਖਿਆ ਅਫ਼ਸਰ, ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.), ਸਮੂਹ ਪ੍ਰਿੰਸੀਪਲ GISTCs ਅਤੇ ਸਬੰਧਤ DIETs ਵੱਲੋਂ ਕੀਤੀ ਜਾਵੇਗੀ।

13.0 ਆਪ ਵਲੋਂ, ਟ੍ਰੇਨਿੰਗ ਦੌਰਾਨ ਗੈਰ ਹਾਜ਼ਰ ਰਹਿਣ ਵਾਲੇ ਅਧਿਆਪਕਾਂ ਵਿਰੁੱਧ ਬਣਦੀ ਕਾਰਵਾਈ ਕਰਕੇ, ਮੁੱਖ ਦਫ਼ਤਰ ਨੂੰ ਸੂਚਿਤ ਕੀਤਾ ਜਾਵੇ।

14.0 ਉਪਰੋਕਤ ਟ੍ਰੇਨਿੰਗ ਤੇ ਆਉਣ ਵਾਲਾ ਸਾਰਾ ਖਰਚਾ ਐਸ.ਐਸ.ਏ ਦੇ ਨਿਯਮਾ ਅਨੁਸਾਰ ਟੀਚਰ ਟ੍ਰੇਨਿੰਗ ਫੰਡ (ਮੱਦ 10.2, ਸਾਲ 2012-13) ਵਿੱਚੋਂ ਕੀਤਾ ਜਾਵੇਗਾ।

15.0 ਹੁਕਮਾਂ ਦੀ ਇੰਨ ਬਿੰਨ ਪਾਲਣਾ ਯਕੀਨੀ ਬਣਾਈ ਜਾਵੇ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ

ਪਿੱਠ ਅੰਕਣ ਨੰ. 50/ਸ.ਸ.ਅ/ ਪੈਡਾਗੋਜ਼ੀ/ ਉਕਤ ਮਿਤੀ:

ਇਸ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ:

1. Director SCERT, ਪੰਜਾਬ
2. ਸਬੰਧਤ ਮੰਡਲ ਸਿੱਖਿਆ ਅਫ਼ਸਰ (ਵੈੱਬਸਾਈਟ ਰਾਹੀਂ)
3. ਸਮੂਹ ਪ੍ਰਿੰਸੀਪਲ GISTCs ਅਤੇ ਸਬੰਧਤ DIETs (ਵੈੱਬਸਾਈਟ ਰਾਹੀਂ)
4. DM (ICT), SSA
5. ਮੇਨੇਜਰ ਆਈ.ਟੀ ਅਕੈਡਮੀ, ਐਸ.ਏ.ਐਸ ਨਗਰ
5. ਜਿਲ੍ਹਾ ਆਈ.ਸੀ.ਟੀ. ਕੋਆਰਡੀਨੇਟਰ (ਵੈੱਬਸਾਈਟ ਰਾਹੀਂ)

ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ